# ਮਾਡਲ ਪ੍ਰਸ਼ਨ ਪੱਤਰ

## ਜਮਾਤ : ਦਸਵੀਂ

## ਵਿਸ਼ਾ : ਪੰਜਾਬੀ

**ਕੋਡ : 037** | **ਸੈਸ਼ਨ : 2025-26**

**ਸਮਾਂ : ਤਿੰਨ ਘੰਟੇ** | **ਕੁਲ ਅੰਕ : 80**

**ਪੇਪਰ : ਸਲਾਨਾ**

**ਨੋਟ : ਲਿਖਾਈ ਸ਼ੁੱਧ, ਸੁੰਦਰ ਅਤੇ ਖੁਲ੍ਹੀ-ਖੁਲ੍ਹੀ ਕਰਨ ਦਾ ਜਤਨ ਕਰੋ।**

*** ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ।**

**ਭਾਗ (ੳ)**

1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : 5

ਬਸੰਤ ਰੁੱਤ ਵਿੱਚ ਕੁਦਰਤ ਇਕ ਸਜ–ਵਿਆਹੀ ਨਾਰ ਵਾਂਗ ਸਜਦੀ ਹੈ। ਦਰੱਖਤਾਂ ਤੇ ਪੌਦਿਆਂ ਦੇ ਨਵੇਂ ਪੱਤੇ ਅਤੇ ਫੁੱਲਦਾਰ ਬੂਟਿਆਂ ਦੇ ਰੰਗ–ਬਿਰੰਗੇ ਫੁੱਲ ਇੱਕ ਵਾਰ ਤਾਂ ਮਨ ਨੂੰ ਮੁਗਧ ਕਰ ਦਿੰਦੇ ਹਨ। ਸਰ੍ਹੋਂ ਦੇ ਬਸੰਤੀ ਰੰਗ ਦੇ ਫੁੱਲਾਂ ਨਾਲ ਭਰਿਆ ਹੋਇਆ ਆਲਾ-ਦੁਆਲਾ ਇਸ ਤਰ੍ਹਾਂ ਲਗਦਾ ਹੈ, ਜਿਵੇਂ ਕੁਦਰਤ ਪੀਲੇ ਗਹਿਣੇ ਪਹਿਨ ਕੇ ਬਸੰਤ ਦਾ ਤਿਉਹਾਰ ਮਨਾ ਰਹੀ ਹੋਵੇ। ਬਾਗਾਂ ਵਿੱਚ ਕਿਧਰੇ ਗੁਲਾਬ ਦੇ ਫੁੱਲ ਮਨ ਨੂੰ ਮੋਹਿਤ ਕਰਦੇ ਹਨ, ਕਿਧਰੇ ਕਲੀਆਂ ਖੁਸ਼ਬੂਆਂ ਛੱਡਦੀਆਂ ਹਨ, ਕਿਧਰੇ ਸੂਰਜਮੁਖੀ ਝੂੰਮਦੇ ਹਨ ਤੇ ਕਿਧਰੇ ਗੇਂਦੇ ਦੇ ਫੁੱਲ ਮਹਿਕਾਂ ਵੰਡਦੇ ਹਨ। ਭੌਰੇ, ਸ਼ਹਿਦ ਦੀਆਂ ਮੱਖੀਆਂ ਤੇ ਤਿਤਲੀਆਂ ਫੁੱਲਾਂ ਉੱਪਰ ਉਡਾਰੀਆਂ ਮਾਰਦੀਆਂ ਤੇ ਖੁਸ਼ੀ ਵਿੱਚ ਨਚਦੀਆਂ ਹਨ। ਇਨ੍ਹਾਂ ਦਿਨਾਂ ਵਿੱਚ ਅੰਬਾਂ 'ਤੇ ਬੂਰ ਆ ਜਾਂਦਾ ਹੈ ਤੇ ਨਿੱਕੀਆਂ–ਨਿੱਕੀਆਂ ਅੰਬੀਆਂ ਤੁਰ ਪੈਂਦੀਆਂ ਹਨ। ਕੋਇਲ ਦੀ ਕੂ-ਕੂ ਸੁਣ ਕੇ ਹਰ ਇਕ ਦੇ ਮਨ ਨੂੰ ਮਸਤੀ ਚੜ੍ਹਦੀ ਹੈ। ਹਰ ਪਾਸਾ ਹਰਾ-ਭਰਾ ਤੇ ਫੁੱਲਾਂ ਨਾਲ ਲੱਦਿਆ ਦਿਖਾਈ ਦਿੰਦਾ ਹੈ। ਹਰ ਕਿਸੇ ਦਾ ਮਨ ਕਰਦਾ ਹੈ ਕਿ ਉਹ ਇਸ ਸੁਗੰਧਿਤ ਵਾਤਾਵਰਨ ਵਿੱਚ ਬਾਹਰ ਜਾ ਕੇ ਆਪਣਾ ਮਨ ਪ੍ਰਸੰਨ ਕਰੇ।

(i) ਬਸੰਤ ਰੁੱਤ ਕਿਸ ਵਾਂਗ ਸੱਜਦੀ ਹੈ?

(ii) ਇਸ ਰੁੱਤ ਵਿੱਚ ਕਿਹੜੇ ਫੁੱਲ ਆਪਣੀ ਖੁਸ਼ਬੂ ਛੱਡਦੇ ਹਨ?

(iii) ਫੁੱਲਾਂ ਉੱਪਰ ਕੌਣ-ਕੌਣ ਮੰਡਰਾਉਂਦਾ ਹੈ?

2. (i) ‘ਸਤਾਨ’ ਪਿਛੇਤਰ ਤੋਂ ਇਕ ਸ਼ਬਦ ਬਣਾਓ। 1

(ii) ‘ਬਦ’ ਅਗੇਤਰ ਤੋਂ ਇਕ ਸ਼ਬਦ ਬਣਾਓ। 1

(iii) ਆਪਣਾ ਪਤਾ ਦੱਸੋ। (ਪ੍ਰਸ਼ਨਵਾਚਕ ਵਾਕ ਬਣਾਓ।) 1

(iv) ਕਸਰਤ ਕਰਨ ਦਾ ਕੋਈ ਨੁਕਸਾਨ ਨਹੀਂ। (ਹਾਂ-ਵਾਚਕ ਵਾਕ ਬਣਾਓ) 1

3. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : 1X4=4

(i) ਸ਼ੁੱਧ ਸ਼ਬਦ ਚੁਣੋ :

(ੳ) ਰਾਨੀ (ਅ) ਰਾਂਣੀ

(ੲ) ਰਾਣੀ (ਸ) ਕੋਈ ਵੀ ਨਹੀਂ

(ii) 'ਸੱਦੀ ਨਾ ਬੁਲਾਈ............' ਅਖਾਣ ਪੂਰੀ ਕਰੋ।

(ੳ) ਮੈ ਮੁੰਡੇ ਦੀ ਤਾਈ (ਅ) ਮੈ ਲਾੜੇ ਦੀ ਤਾਈ

(ੲ) ਮੈ ਲਾੜੇ ਦੀ ਝਾਈ (ਸ) ਮੈ ਲਾੜੇ ਦੀ ਭਰਜਾਈ

(iii) 'ਮੈ ਰੋਟੀ ਖਾਧੀ' ਵਾਕ ਵਿੱਚ 'ਖਾਧੀ' ਕਿਹੋ ਜਿਹੀ ਕਿਰਿਆ ਹੈ?

(ੳ) ਅਕਰਮਕ (ਅ) ਸਕਰਮਕ

(ੲ) ਕਰਮਹੀਨ (ਸ) ਕਰਤਾਹੀਨ

(iv) ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

(ੳ) ਦੋ (ਅ) ਪੰਜ

(ੲ) ਚਾਰ (ਸ) ਛੇ

4. ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਹਾਂ ਜੀ ਇਹ ਗਲਤੀ ਮੈਥੋਂ ਹੋਈ ਹੈ ਮੈਂ ਸਜ਼ਾ ਦਾ ਹਕਦਾਰ ਹਾਂ

5. ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਇਕ ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿੱਚ ਵਰਤੋ : 2

(i) ਘੋੜੇ ਵੇਚ ਕੇ ਸੋਣਾ

(ii) ਨੱਕ ਵੱਟਣਾ

6. ਹੇਠ ਲਿਖੇ ਵਾਕ ਨੂੰ ਸੋਧ ਕੇ ਲਿਖੋ : 2

ਸੱਪ ਨੂੰ ਸੋਹਨ ਨੇ ਡਾਂਗ ਨਾਲ ਮਾਰਿਆ

7. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ : 5

ਗੁਰੂ ਗੋਬਿੰਦ ਸਿੰਘ ਜੀ

ਨੁਕਤੇ : ਸਿੱਖਾਂ ਦੇ ਦਸਵੇਂ ਗੁਰੂ, ਜਨਮ ਤੇ ਮਾਤਾ-ਪਿਤਾ, ਆਨੰਦਪੁਰ ਆਉਣਾ, ਪਿਤਾ ਦੀ ਕੁਰਬਾਨੀ, ਜੰਗੀ ਤਿਆਰੀਆਂ, ਮਹਾਨ ਕਵੀ, ਖ਼ਾਲਸਾ ਪੰਥ ਦੀ ਸਾਜਨਾ, ਮੁਗ਼ਲ ਫ਼ੌਜਾਂ ਨਾਲ ਯੁੱਧ ਤੇ ਕੁਰਬਾਨੀਆਂ, ਤਲਵੰਡੀ ਸਾਬੋ ਵਿੱਚ ਜੋਤੀ-ਜੋਤ ਸਮਾਉਣਾ।

ਜਾਂ

ਪੰਜਾਬ ਦੇ ਲੋਕ-ਗੀਤ

ਨੁਕਤੇ : ਪੰਜਾਬ, ਲੋਕ-ਗੀਤਾਂ ਦੀ ਧਰਤੀ, ਲੋਕ-ਗੀਤਾਂ ਦੀ ਰਚਨਾ, ਬੇਜੋੜ ਕਲਪਨਾ-ਉਡਾਰੀ, ਲੋਕ-ਗੀਤਾਂ ਦੇ ਰੂਪ, ਬਚਪਨ ਦੇ ਲੋਕ-ਗੀਤ, ਤਿਉਹਾਰਾਂ ਬਾਰੇ ਲੋਕ-ਗੀਤ, ਜਵਾਨੀ ਤੇ ਸੁੰਦਰਤਾ ਦਾ ਜ਼ਿਕਰ, ਵਿਆਹ ਦੇ ਗੀਤ, ਸਹੁਰੇ-ਘਰ ਦਾ ਵਰਣਨ, ਲੋਕ-ਗੀਤਾਂ ਵਿੱਚ ਇਤਿਹਾਸ।

ਜਾਂ

ਦਾਜ ਪ੍ਰਥਾ (ਦਾਜ ਦੀ ਸਮੱਸਿਆ)

ਨੁਕਤੇ : ਕੁਰੀਤੀਆਂ ਭਰਿਆ ਭਾਰਤੀ-ਸਮਾਜ, ਨਵ-ਵਿਆਹੁਤਾ ਕੁੜੀਆਂ ਦੇ ਕਤਲ, ਦਾਜ ਕੀ ਹੈ?, ਇਕ ਲਾਹਨਤ, ਦੂਰ ਕਰਨ ਦੇ ਉਪਾਅ, ਸਾਰ-ਅੰਸ਼।

8. ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ : 5

ਆਪਣੇ ਰਾਜ ਦੇ ਵਿੱਦਿਆ ਮੰਤਰੀ ਨੂੰ ਇਕ ਚਿੱਠੀ ਰਾਹੀਂ ਇਹ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿੱਚ ਇਕ ਕਾਲਜ ਖੋਲ੍ਹਿਆ ਜਾਵੇ।

ਨਕਤੇ : ਪਤਾ....ਸਤਿਕਾਰ ਭਰੇ ਸ਼ਬਦ..., ਵਿਸ਼ਾ...., ਕਾਲਜ ਖੋਲਨ ਦੀ ਤਾਕੀਦ..., ਕਾਲਜ ਦੀ ਜਰੂਰਤ, ਇਲਾਕੇ ਦੀ ਅਬਾਦੀ, ਮਨਜੂਰੀ, ਧੰਨਵਾਦ, ਸਿਰਨਾਵਾਂ।

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਬੀਮਾਰੀ ਦੀ ਛੁੱਟੀ ਲੈਣ ਲਈ ਬਿਨੈ ਪੱਤਰ ਲਿਖੋ।

ਨੁਕਤੇ : ਸਤਿਕਾਰ ਭਰੇ ਸ਼ਬਦ, ਵਿਸ਼ਾ, ਸਕੂਲ ਨਾ ਆਉਣ ਦਾ ਕਾਰਨ, ਧੰਨਵਾਦ, ਆਪਣਾ ਸਿਰਨਾਵਾਂ।

**ਭਾਗ (ਅ)**

9. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 3

ਧਰਤੀ ਸੰਗ ਹੋਂਦ ਵਿੱਚ ਆਏ, ਹੁੰਦਾ ਏ ਪ੍ਰਤੀਤ।
ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆਂ ਤੀਕ।
ਰੁੱਖਾਂ ਚੋਂ ਹੀ ਲੱਭਣਾ ਸਾਨੂੰ ਕੁਦਰਤ ਦਾ ਸਿਰਨਾਂਵਾਂ।
ਰੁੱਖਾਂ ਬਾਝੋਂ ਧਰਤੀ ਜਿੱਦਾ ਬਿਨ ਬੱਚਿਆਂ ਦੇ ਮਾਵਾਂ।

ਜਾਂ

ਬੇਗਾਨੀ ਅੰਗਰੇਜ਼ੀ ਨੂੰ ਅਸੀਂ ਜੱਫੀਆਂ ਪਾਉਂਦੇ ਹਾਂ,
ਹਿੰਦੀ ਮਾਸੀ ਨੂੰ ਵੀ ਝੁਕ ਝੁਕ ਸੀਸ ਨਿਵਾਉਂਦੇ ਹਾਂ,
ਮਾਂ ਰੁਲਦੀ, ਪੁੱਤ ਕਰਦਾ ਨਾ ਕੋਈ ਧਿਆਨ ਪੰਜਾਬੀ ਦਾ
ਜ਼ੱਰਾ ਜ਼ੱਰਾ ਕਹਿ ਉਠੇ, ਸਾਨੂੰ ਮਾਣ ਪੰਜਾਬੀ ਦਾ

10. ਬਹੁ-ਵਿਕਲਪੀ ਉੱਤਰਾਂ ਵਿਚੋਂ ਸਹੀ ਉੱਤਰ ਚੁਣੋ : 1X5=5

(i) ਜਨਮ-ਮਰਨ ਦੇ ਗੇੜ ਵਿੱਚ ਕੌਣ ਪੈਂਦਾ ਹੈ?

(ੳ) ਮਨਮੁਖਿ (ਅ) ਗੁਰਮੁਖਿ

(ੲ) ਤਿਆਗੀ (ਸ) ਗ੍ਰਹਿਸਤੀ

(ii) ਕਿਸ ਦੀ ਮਿਜ਼ਮਾਨੀ ਦੀ ਗੱਲ ਕੀਤੀ ਗਈ ਹੈ?

(ੳ) ਰਿਸ਼ਤੇਦਾਰਾਂ ਦੀ (ਅ) ਮਿੱਤਰ-ਪ੍ਰਭੂ ਦੀ

(ੲ) ਦੋਸਤਾਂ ਦੀ (ਸ) ਸਹੇਲੀ ਦੀ

(iii) ਸੁਆਣੀਆਂ ਉੱਪਰ ਕਿਸ ਦਾ ਅਸਰ ਪੈ ਗਿਆ ਹੈ?

(ੳ) ਫੈਸ਼ਨ ਦਾ (ਅ) ਬਾਹਰ ਘੁੰਮਣ ਦਾ

(ੲ) ਪੀਜ਼ੇ ਤੇ ਬਰਗਰਾਂ ਦਾ (ਸ) ਵਿਹਲੇ ਬੈਠਣ ਦਾ

(iv) ਦਸਵੰਧ ਤੋਂ ਕੀ ਭਾਵ ਹੈ?

(ੳ) ਦਸ ਰੁਪਏ (ਅ) ਦੱਸ ਵਿੱਚ ਬੰਨੇ ਹੋਣਾ

(ੲ) ਆਪਣੀ ਕਮਾਈ ਦਾ ਦਸਵਾਂ ਹਿੱਸਾ ਲੋੜਵੰਦਾਂ ਉੱਤੇ ਖ਼ਰਚ ਕਰਨਾ

(ਸ) ਕੋਈ ਵੀ ਨਹੀਂ

(v) ਕਵੀ ਨੂੰ ਕਵਿਤਾ ਲਿਖਣੀ ਕਿਸ ਨੇ ਸਿਖਾਈ ਹੈ?

(ੳ) ਹਿੰਦੀ ਬੋਲੀ ਨੇ (ਅ) ਅੰਗਰੇਜ਼ੀ ਬੋਲੀ ਨੇ

(ੲ) ਉਰਦੂ ਬੋਲੀ ਨੇ (ਸ) ਪੰਜਾਬੀ ਬੋਲੀ ਨੇ

11. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ) 1X5=5

(i) ਰਜਨੀ ਨੇ ਸੱਪ ਨੂੰ ਕਿੱਥੇ ਭੇਜਣ ਦੀ ਬੇਨਤੀ ਕੀਤੀ ਸੀ?

(ii) ਰੋਹਿਤ ਦੇ ਬਾਬੇ ਦਾ ਨਾਂ ਕੀ ਸੀ?

(iii) ਮੀਨਾਕਸ਼ੀ ਦੀ ਮਾਂ ਉਸ ਨਾਲ ਕੀ ਖੇਡਣਾ ਚਾਹੁੰਦੀ ਸੀ?

(iv) ਬੁਰਕੇ ਵਾਲੀ ਔਰਤ ਕਿੱਥੋਂ ਦੀ ਸੀ?

(v) ਰਜਨੀ ਦਾ ਸਕੂਲ ਪਿੰਡੋਂ ਕਿੰਨੀ ਦੂਰ ਸੀ?

12. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ) ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ। 1X3=3

(i) ਬੇਬੇ ਰਾਮ ਭਜਨੀ ਦਾ ਪਤੀ ਕਿਹੋ ਜਿਹਾ ਆਦਮੀ ਹੈ?

(ii) ਤੋਤਾ ਮੈਨਾ ਰਾਜੇ ਨੂੰ ਕਿਸ ਦਾ ਯਾਰ ਬਣਨ ਲਈ ਕਹਿੰਦੇ ਹਨ?

(iii) ਬੀਬੀ ਭਾਨੀ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ?

(iv) ਡਾ. ਕਲਾਮ ਦੇ ਪਿਤਾ ਦਾ ਨਾਂ ਕੀ ਸੀ?

(v) ਨਾਨਕ ਸਿੰਘ ਨੇ ਕੁਲ ਕਿੰਨੇ ਨਾਵਲ ਲਿਖੇ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ : 2X4=8

(i) ਲੋਕ ਜ਼ਮੀਨਾਂ ਵੇਚ ਕੇ ਕੀ ਖ਼ਰੀਦ ਰਹੇ ਹਨ?

(ii) 'ਹਉਮੈਂ' ਕਿਸ ਤਰ੍ਹਾਂ ਮਨੁੱਖੀ ਦਿਮਾਗ ਨੂੰ ਹੰਕਾਰ ਨਾਲ ਭਰਦੀ ਹੈ?

(iii) ਘਾਹ ਦੇ ਮੈਦਾਨ ਵਿੱਚ ਲੇਖਕ ਨੂੰ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ?

(iv) ਅੱਠ ਤਰ੍ਹਾਂ ਦੀ ਬੁੱਧੀ ਦੇ ਨਾਂ ਲਿਖੋ।

14. ਛੋਟੇ ਉੱਤਰਾਂ ਵਾਲੇ ਪ੍ਰਸ਼ਨਾਂ ਦਾ ਉੱਤਰ 20-25 ਸ਼ਬਦਾਂ ਵਿੱਚ ਦਿਓ : 2X4=8

(i) ਦੋਹਾਂ ਗੁਆਂਢਣਾਂ ਵਿੱਚ ਅਣਬਨ ਦਾ ਕੀ ਕਾਰਨ ਸੀ?

(ii) ਟਾਹਲੀ ਉਤੇ ਬੈਠੇ ਤੋਤਾ-ਮੈਨਾ ਕੀ ਗੱਲਾਂ ਕਰਦੇ ਸਨ?

(iii) ਡਾ. ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ-ਵੱਡੇ ਸਨਮਾਨ ਪ੍ਰਾਪਤ ਹੋਏ?

(iv) ਪੰਜਾਬੀ ਸਾਹਿਤਕਾਰਾਂ ਨੇ ਨਾਨਕ ਸਿੰਘ ਦੀ ਤੁਲਨਾ ਕਿਸ ਨਾਲ ਕੀਤੀ?

15. ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 30-35 ਸ਼ਬਦਾਂ ਵਿੱਚ) 3X2=6

(i) 'ਮਿਜ਼ਮਾਨੀ' ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।

ਜਾਂ

'ਮਾਣ ਪੰਜਾਬ ਦਾ' ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।

(ii) ਲਾਇਕ ਬੱਚਿਆਂ ਦੀ ਹਉਮੈਂ ਬਾਰੇ ਲੇਖਿਕਾ ਨੇ ਕੀ ਦੱਸਿਆ ਹੈ?

ਜਾਂ

ਕੁੜੀ ਦੇ ਸਹੁਰੇ ਘਰ ਦੇ ਰਿਸ਼ਤਿਆਂ ਵਿਚੋਂ ਉਪਜੇ ਤਣਾਓ ਭਰੇ ਵਾਤਾਵਰਨ ਨਾਲ ਸੰਬੰਧਿਤ ਕੋਈ ਗੀਤ ਲਿਖੋ।

16. (i) ਓ.ਸੀ.ਆਰ. (OCR) ਸਾਫਟਵੇਅਰ ਬਾਰੇ ਦੱਸੋ। 3X2=6

ਜਾਂ

ਫ਼ਰਜ਼ ਕਰੋ, ਤੁਸੀ ਆਪਣੀ ਘੱਟ ਨੀਂਦ ਤੋਂ ਪਰੇਸ਼ਾਨ ਹੋ। ਇਸ ਲਈ ਤੁਸੀਂ ਕੀ ਢੰਗ ਅਪਣਾਉਗੇ।

(ii) 'ਨੰਬਰ ਵਨ ਦੀ ਰੇਸ' ਪਾਠ ਦੇ ਆਧਾਰ ਉੱਤੇ ਤੁਸੀਂ ਪੰਜਾਬੀਆਂ ਨੂੰ ਕੀ ਸਲਾਹ ਦਿਓਗੇ?

ਜਾਂ

ਹੰਕਾਰੀ ਬੰਦੇ ਦੇ ਬਕਵਾਸ ਦਾ ਟਾਕਰਾ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ?

17. (i) ਆਸਟ੍ਰੇਲੀਆ ਦੀਆਂ ਪਾਰਕਾਂ ਵਿੱਚ ਲੋਕਾਂ ਦੇ ਆਪਣਾ ਬਣਾ ਕੇ ਖਾਣ ਲਈ ਕੀ ਪ੍ਰਬੰਧ ਸੀ? 3X2=6

ਜਾਂ

ਕੰਪਿਊਟਰ ਵਰ ਕਿ ਸਰਾਪ ਵਿਸ਼ੇ ਉੱਤੇ ਇਕ ਨੋਟ ਲਿਖੋ।

(ii) ਵਿਆਹ ਵੇਲੇ ਪਰਿਵਾਰ ਵਿੱਚ ਕੀ-ਕੀ ਕੀਤਾ ਜਾਂਦਾ ਹੈ? ਪਾਠ ਕੇ ਆਧਾਰ 'ਤੇ ਦੱਸੋ।

ਜਾਂ

ਖੰਡਿਤ ਵਿਅਕਤੀ ਦਾ ਜਨਮ ਕਿਸ ਤਰ੍ਹਾਂ ਹੁੰਦਾ ਹੈ?